ਬਾਲਗ਼ ਸੁਰੱਖਿਆ ਸੇਵਾਵਾਂ (APS) ਦੀਆਂ ਪੜਤਾਲਾਂ

ਤੱਥ ਸੀਟ (Fact Sheet)

Adult Protective Services (APS) Investigations
Fact Sheet

ਬਾਲਗ਼ ਸੁਰੱਖਿਆ ਸੇਵਾਵਾਂ (APS) ਇੱਕ ਰਿਪੋਰਟ ਦੀ ਪੜਤਾਲ ਕਰ ਰਹੀ ਹੈ ਕਿ ਤੁਸੀਂ ਸ਼ਾਇਦ ਇੱਕ ਕਮਜ਼ੋਰ ਬਾਲਗ਼ ਦਾ ਸ਼ੋਸ਼ਣ ਕੀਤਾ ਹੈ, ਉਸ ਨੂੰ ਤਿਆਗ ਦਿੱਤਾ ਹੈ, ਉਸ ਦਾ ਮਾਲੀ ਤੌਰ 'ਤੇ ਫ਼ਾਇਦਾ ਚੁੱਕਿਆ ਹੈ, ਜਾਂ ਉਸ ਨੂੰ ਨਜ਼ਰਅੰਦਾਜ਼ ਕੀਤਾ ਹੈ। ਇਹ ਦਸਤਾਵੇਜ਼ ਤੁਹਾਨੂੰ ਪੜਤਾਲ ਦੀ ਪ੍ਰਕਿਰਿਆ, ਤੁਹਾਡੇ ਅਧਿਕਾਰਾਂ ਅਤੇ ਹੋਰ ਮਹੱਤਵਪੂਰਨ ਜਾਣਕਾਰੀ ਬਾਰੇ ਸੂਚਿਤ ਕਰਦਾ ਹੈ। ਪੜਤਾਲ ਦੇ ਹਿੱਸੇ ਵਜੋਂ, APS ਰਿਕਾਰਡਾਂ ਦੀ ਸਮੀਖਿਆ ਕਰੇਗੀ ਅਤੇ ਇਲਜ਼ਾਮ (ਇਲਜ਼ਾਮਾਂ) ਬਾਰੇ ਲੋਕਾਂ ਦੀ ਇੰਟਰਵਿਊ ਲਵੇਗੀ।

ਪੜਤਾਲ ਦੇ ਸਿੱਟੇ ਦੇ ਤੁਹਾਡੇ ਲਈ ਗੰਭੀਰ ਨਤੀਜੇ ਹੋ ਸਕਦੇ ਹਨ। ਕਿਰਪਾ ਕਰਕੇ ਇਸ ਨੂੰ ਧਿਆਨ ਨਾਲ ਪੜ੍ਹੋ।

ਤੁਹਾਡੇ ਕੇਸ ਲਈ ਨਿਯੁਕਤ ਕੀਤਾ ਗਿਆ ਪੜਤਾਲਕਰਤਾ ਹੈ:
ਉਹਨਾਂ ਨਾਲ ਇੱਥੇ ਸੰਪਰਕ ਕੀਤਾ ਜਾ ਸਕਦਾ ਹੈ:

ਮੇਰੇ ਅਧਿਕਾਰ ਕੀ ਹਨ?

- ਇੰਟਰਵਿਊ ਦੌਰਾਨ ਤੁਹਾਨੂੰ ਆਪਣੇ ਨਾਲ ਕਿਸੇ ਤੀਜੀ ਧਿਰ (ਜਿਵੇਂ ਕਿ ਕੋਈ ਦੋਸਤ, ਅਟਾਰਨੀ, ਯੂਨੀਅਨ ਦਾ ਨੁਮਾਇੰਦਾ, ਪਰਿਵਾਰ ਦਾ ਮੈਂਬਰ, ਜਾਂ ਸਰਪ੍ਰਸਤ) ਨੂੰ ਰੱਖਣ ਦਾ ਅਧਿਕਾਰ ਹੈ।
- ਜੇਕਰ ਅੰਗ੍ਰੇਜ਼ੀ ਤੁਹਾਡੀ ਮੁੱਖ ਭਾਸ਼ਾ ਨਹੀਂ ਹੈ, ਤਾਂ ਤੁਹਾਨੂੰ ਮੁਫ਼ਤ ਦੁਭਾਸ਼ੀਏ ਦਾ ਅਧਿਕਾਰ ਹੈ (APS ਨੂੰ ਪਰਿਵਾਰ ਦੇ ਮੈਂਬਰਾਂ ਨੂੰ ਦੁਭਾਸ਼ੀਏ ਵਜੋਂ ਵਰਤਣ ਦੀ ਇਜਾਜ਼ਤ ਨਹੀਂ ਹੈ)।
- ਤੁਹਾਨੂੰ ਇੰਟਰਵਿਊ ਵਿੱਚ ਹਿੱਸਾ ਨਾ ਲੈਣ, ਇਸ ਨੂੰ ਰੋਕਣ, ਜਾਂ ਇਸ ਦਾ ਸਮਾਂ ਦੁਬਾਰਾ ਤੈਅ ਕਰਨ ਦਾ ਅਧਿਕਾਰ ਹੈ।
- ਤੁਹਾਨੂੰ ਇਲਜ਼ਾਮਾਂ ਨਾਲ ਸਬੰਧਤ ਦਸਤਾਵੇਜ਼ ਜਾਂ ਗਵਾਹ APS ਨੂੰ ਮੁਹੱਈਆ ਕਰਵਾਉਣ ਦਾ ਅਧਿਕਾਰ ਹੈ।

ਪੜਤਾਲ ਦੇ ਸਿੱਟੇ ਬਾਰੇ APS ਮੈਨੂੰ ਕਿਵੇਂ ਸੂਚਿਤ ਕਰੇਗੀ?

- APS ਉਸ ਸਬੂਤ ਦੇ ਆਧਾਰ 'ਤੇ ਫ਼ੈਸਲਾ ਲੈਂਦੀ ਹੈ ਜੋ APS ਪੜਤਾਲ ਦੌਰਾਨ ਇਕੱਠਾ ਕਰਦੀ ਹੈ। APS ਜਿਸ ਕਿਸਮ ਦੇ ਫ਼ੈਸਲੇ ਲੈਂਦੀ ਹੈ, ਉਹ ਹਨ:
  - **ਤਸਦੀਕਸ਼ੁਦਾ (Substantiated):** ਇਸ ਗੱਲ ਦੀ ਸੰਭਾਵਨਾ ਜ਼ਿਆਦਾ ਹੈ ਕਿ ਕਥਿਤ ਘਟਨਾ ਵਾਪਰੀ ਹੈ।
  - **ਗੈਰ-ਤਸਦੀਕਸ਼ੁਦਾ (Unsubstantiated):** ਇਸ ਗੱਲ ਦੀ ਸੰਭਾਵਨਾ ਜ਼ਿਆਦਾ ਹੈ ਕਿ ਕਥਿਤ ਘਟਨਾ ਨਹੀਂ ਵਾਪਰੀ ਹੈ।
  - **ਗੈਰ-ਨਿਰਣਾਇਕ (Inconclusive):** ਇਹ ਨਿਰਧਾਰਿਤ ਨਹੀਂ ਕੀਤਾ ਜਾ ਸਕਦਾ ਕਿ ਕਥਿਤ ਘਟਨਾ ਵਾਪਰੀ ਹੈ ਜਾਂ ਨਹੀਂ।
- ਜੇਕਰ APS ਨੂੰ ਪਤਾ ਲੱਗਦਾ ਹੈ ਕਿ ਘਟਨਾ ਵਾਪਰਨ ਦੀ ਸੰਭਾਵਨਾ ਜ਼ਿਆਦਾ ਹੈ, ਤਾਂ APS ਤੁਹਾਨੂੰ ਰਜਿਸਟਰਡ ਅਤੇ ਸਾਧਾਰਨ ਡਾਕ ਰਾਹੀਂ ਪੱਤਰ ਭੇਜ ਕੇ ਸੂਚਿਤ ਕਰੇਗੀ।
- ਜੇਕਰ APS ਨੂੰ ਪਤਾ ਲੱਗਦਾ ਹੈ ਕਿ ਘਟਨਾ ਨਾ ਵਾਪਰਨ ਦੀ ਸੰਭਾਵਨਾ ਜ਼ਿਆਦਾ ਹੈ, ਤਾਂ APS ਤੁਹਾਨੂੰ ਜ਼ਬਾਨੀ ਤੌਰ 'ਤੇ ਸੂਚਿਤ ਕਰੇਗੀ। ਜੇਕਰ ਤੁਸੀਂ ਮੰਗ ਕਰਦੇ ਹੋ, ਤਾਂ APS ਤੁਹਾਨੂੰ ਪੱਤਰ ਮੁਹੱਈਆ ਕਰਵਾ ਸਕਦੀ ਹੈ।
- ਜੇਕਰ APS ਇਹ ਨਿਰਧਾਰਿਤ ਨਹੀਂ ਕਰ ਸਕਦੀ ਕਿ ਘਟਨਾ ਵਾਪਰੀ ਹੈ ਜਾਂ ਨਹੀਂ, ਤਾਂ APS ਤੁਹਾਨੂੰ ਜ਼ਬਾਨੀ ਤੌਰ 'ਤੇ ਸੂਚਿਤ ਕਰੇਗੀ। ਜੇਕਰ ਤੁਸੀਂ ਮੰਗ ਕਰਦੇ ਹੋ, ਤਾਂ APS ਤੁਹਾਨੂੰ ਪੱਤਰ ਮੁਹੱਈਆ ਕਰਵਾ ਸਕਦੀ ਹੈ।
- ਜੇਕਰ APS ਕੋਲ ਤੁਹਾਡਾ ਮੌਜੂਦਾ ਪਤਾ ਨਹੀਂ ਹੈ, ਤਾਂ ਤੁਹਾਡੇ ਕੋਲੋਂ ਮਹੱਤਵਪੂਰਨ ਡਾਕ ਅਤੇ ਅੰਤਿਮ ਮਿਤੀਆਂ (deadlines) ਖੁੰਝ ਸਕਦੀਆਂ ਹਨ।

ਤਸਦੀਕਸ਼ੁਦਾ ਸਿੱਟੇ ਦਾ ਕੀ ਮਤਲਬ ਹੈ?

ਜੇਕਰ APS ਫ਼ੈਸਲਾ ਕਰਦੀ ਹੈ ਕਿ ਸ਼ੋਸ਼ਣ, ਲਾਪਰਵਾਹੀ, ਤਿਆਗਣ ਜਾਂ ਮਾਲੀ ਸ਼ੋਸ਼ਣ ਦੇ ਇਲਜ਼ਾਮ "ਤਸਦੀਕਸ਼ੁਦਾ" ਹਨ, ਤਾਂ ਜੇਕਰ ਤੁਸੀਂ ਸਿੱਟੇ ਨਾਲ ਅਸਹਿਮਤ ਹੋ, ਤਾਂ ਤੁਸੀਂ ਸੁਣਵਾਈ (hearing) ਦੀ ਬੇਨਤੀ ਕਰ ਸਕਦੇ ਹੋ। ਜੇਕਰ ਸੁਣਵਾਈ ਦੀ ਪ੍ਰਕਿਰਿਆ ਦੇ ਅੰਤ ਵਿੱਚ APS ਦਾ ਫ਼ੈਸਲਾ ਬਰਕਰਾਰ ਰਹਿੰਦਾ ਹੈ, ਤਾਂ ਤੁਹਾਡਾ ਨਾਮ ਇੱਕ ਰਜਿਸਟਰੀ ਵਿੱਚ ਦਰਜ ਕੀਤਾ ਜਾਵੇਗਾ।

ਰਜਿਸਟਰੀ 'ਤੇ ਹੋਣ ਦਾ ਮਤਲਬ ਹੈ ਕਿ ਤੁਸੀਂ ਸ਼ਾਇਦ ਅਜਿਹੀ ਕਿਸੇ ਵੀ ਥਾਂ 'ਤੇ ਕੰਮ ਜਾਂ ਵਲੰਟੀਅਰ ਨਹੀਂ ਕਰ ਸਕੋਗੇ ਜਿੱਥੇ ਤੁਹਾਡਾ ਕਮਜ਼ੋਰ ਬਾਲਗ਼ਾਂ ਜਾਂ ਬੱਚਿਆਂ ਨਾਲ ਬਿਨਾਂ ਨਿਗਰਾਨੀ ਵਾਲਾ ਸੰਪਰਕ ਹੋ ਸਕਦਾ ਹੋਵੇ। ਵਰਤਮਾਨ ਵਿੱਚ ਰਜਿਸਟਰੀ ਵਿੱਚੋਂ ਆਪਣਾ ਨਾਮ ਹਟਾਉਣ ਦਾ ਕੋਈ ਤਰੀਕਾ ਨਹੀਂ ਹੈ।

ਕੀ ਮੈਂ APS ਦੇ ਫ਼ੈਸਲੇ ਨੂੰ ਚੁਣੌਤੀ ਦੇ ਸਕਦਾ ਹਾਂ?

- ਜੇਕਰ APS ਫ਼ੈਸਲਾ ਕਰਦੀ ਹੈ ਕਿ ਕਥਿਤ ਘਟਨਾ **ਗੈਰ-ਤਸਦੀਕਸ਼ੁਦਾ** ਜਾਂ **ਗੈਰ-ਨਿਰਣਾਇਕ** ਹੈ, ਤਾਂ ਤੁਹਾਨੂੰ ਕੁਝ ਵੀ ਕਰਨ ਦੀ ਲੋੜ ਨਹੀਂ ਹੈ।
- ਜੇਕਰ APS ਫ਼ੈਸਲਾ ਕਰਦੀ ਹੈ ਕਿ ਕਥਿਤ ਘਟਨਾ **ਤਸਦੀਕਸ਼ੁਦਾ** ਹੈ ਅਤੇ ਤੁਸੀਂ ਸਹਿਮਤ ਨਹੀਂ ਹੋ, ਤਾਂ ਤੁਸੀਂ ਸੁਣਵਾਈ ਦੀ ਬੇਨਤੀ ਕਰ ਸਕਦੇ ਹੋ। APS ਦਾ ਪੱਤਰ ਤੁਹਾਨੂੰ ਦੱਸੇਗਾ ਕਿ ਇਹ ਕਿਵੇਂ ਕਰਨਾ ਹੈ।

ਸੁਣਵਾਈ ਲਈ ਬੇਨਤੀ ਕਰਨ ਵਾਸਤੇ, ਤੁਹਾਡੇ ਕੋਲ ਵਿਭਾਗ ਦੇ ਨੋਟਿਸ ਪੱਤਰ ਦੇ ਡਾਕ ਰਾਹੀਂ ਭੇਜੇ ਜਾਣ ਜਾਂ ਤੁਹਾਨੂੰ ਨਿਜੀ ਤੌਰ 'ਤੇ ਸੌਂਪੇ ਜਾਣ ਦੀ ਮਿਤੀ ਤੋਂ ਬਾਅਦ 30ਵੇਂ ਕੈਲੰਡਰ ਦਿਨ ਦੀ ਸ਼ਾਮ 5:00 ਵਜੇ ਤੱਕ ਦਾ ਸਮਾਂ ਹੈ, ਜੋ ਵੀ ਪਹਿਲਾਂ ਹੋਵੇ।

ਹੋਰ ਜਾਣਕਾਰੀ ਲਈ

ਤੁਸੀਂ APS ਬਾਰੇ https://www.dshs.wa.gov/altsa/adult-protective-services-aps 'ਤੇ ਆਨਲਾਈਨ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।